


# ਹੋਇਆ ਦੇਸ ਪਰਾਇਆ (ਨਾਵਲ)

## ਅਵਤਾਰ ਸਿੰਘ ਬਿਲਿੰਗ

**ਰੀਵਿਊਕਾਰ : ਡਾ. ਮਹਿਲ ਸਿੰਘ**

ਪ੍ਰਿੰਸੀਪਲ, ਖ਼ਾਲਸਾ ਕਾਲਜ, ਅੰਮ੍ਰਿਤਸਰ।
✆ 94170-75563

ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ।
ਸਾਲ : 2024
ਪੰਨੇ : 312
ਮੁੱਲ : 450/- ਰੁਪਏ

ਅਵਤਾਰ ਸਿੰਘ ਬਿਲਿੰਗ ਨਾਵਲਕਾਰ ਵਜੋਂ ਇਕ ਚਰਚਿਤ ’ਤੇ ਸਥਾਪਿਤ ਨਾਮ ਹੈ। ਇਹ ਬਿਲਿੰਗ ਦਾ ਦਸਵਾਂ ਨਾਵਲ ਹੈ। ਇਹ ਨਾਵਲ ਆਪਣੇ ਨਾਮ ਮੁਤਾਬਕ ਪਰਵਾਸ ਦੇ ਰੁਝਾਨ ਨਾਲ ਸਬੰਧਿਤ ਹੈ। ਇਸ ਦਾ ਥੀਮ ਨਸ਼ਿਆਂ ਦੇ ਰੁਝਾਨ, ਖੇਤੀ ਮਸ਼ੀਨਰੀ ਦੀ ਮਾਰ, ਖੇਤੀ ਦੀ ਬੇਕਦਰੀ ਅਤੇ ਭ੍ਰਿਸ਼ਟ ਸਿਆਸੀ ਵਿਵਸਥਾ ਨਾਲ ਸਬੰਧਿਤ ਹੈ। ਨਾਵਲ ਵਿਚ ਦੇਸ਼-ਵੰਡ ਤੋਂ ਬਾਅਦ ਦੇ ਸਥਿਰਤਾ ਵਾਲੇ ਆਰਥਿਕ-ਸਮਾਜਕ ਜੀਵਨ ਦਾ ਵੀ ਜ਼ਿਕਰ ਹੈ ਅਤੇ ਹਰੇ ਇਨਕਲਾਬ ਤੋਂ ਬਾਅਦ ਆਈ ਸਿਫ਼ਤੀ ਤਬਦੀਲੀ ਦਾ ਵੀ। ਸਮੁੱਚੇ ਨਾਵਲ ਵਿਚੋਂ ਦੇਸ਼-ਵੰਡ ਤੋਂ ਬਾਅਦ ਪਰੰਪਰਿਕ ਖੇਤੀ ਰੁਝਾਨ, ਹਰੇ ਇਨਕਲਾਬ, ਖਾੜਕੂਵਾਦ, ਕਿਸਾਨ ਮੋਰਚੇ ਤੇ ਪਰਵਾਸ ਵਗੈਰਾ ਦੀਆਂ ਕਈ ਪਰਤਾਂ ਉੱਘੜਦੀਆਂ ਹਨ। ਕਿਸਾਨੀ ਲਈ ਨਵੀਂ ਮਸ਼ੀਨਰੀ ਅਤੇ ਆਲੂਆਂ ਵਰਗੀਆਂ ਫਸਲਾਂ ਆਦਿ ਦਾ ਰੁਝਾਨ ਮਾਰੂ ਸਿੱਧ ਹੋਇਆ ਹੈ। ਪੰਜਾਬ ਲਈ ਹੁਣ ਮਸ਼ੀਨਰੀ ਦਾ ਨਵਾਂ ਖੇਤੀ ਮਾਡਲ ਤਬਾਹਕੁੰਨ ਸਾਬਤ ਹੋ ਰਿਹਾ ਹੈ। ਮਹਿੰਗੇ ਵਿਆਹ ਤੇ ਕੋਠੀਆਂ-ਕਾਰਾਂ ਦਾ ਰੁਝਾਨ ਵੀ ਆਮ ਕਿਸਾਨੀ ਲਈ ਜੀਵਨ ਦਾ ਖੌਅ ਬਣ ਗਿਆ ਹੈ। ਕਾਮਰੇਡਾਂ ਦੀ ਵੱਖਰੀ ਬੋਲ-ਚਾਲ ਆਮ ਲੋਕਾਂ ਨੂੰ ਰਾਸ ਨਹੀਂ ਆਈ। ਖਾੜਕੂਵਾਦ ਦੇ ਦੌਰ ਨੇ ਵੀ ਪੰਜਾਬ ਵਿਚ ਮਨੁੱਖੀ ਰਿਸ਼ਤਿਆਂ ਨੂੰ ਵੱਡੀ ਢਾਹ ਲਾਈ ਸੀ। ਪੰਜਾਬ ਵਿਚ ਹਰ ਵਾਰ ਕਈ ਆਸਾਂ-ਉਮੀਦਾਂ ਨਾਲ ਚੁਣੀ ਸਰਕਾਰ ਅਖੀਰ ਪਹਿਲਾਂ ਵਰਗੀਆਂ ਸਰਕਾਰਾਂ ਵਾਂਗ ਹੀ ਬਣ ਨਿਬੜਦੀ ਹੈ।

ਨਾਵਲੀ ਬਿਰਤਾਂਤ ਤਿੰਨ ਪੀੜ੍ਹੀਆਂ ਦੇ ਪਾਤਰਾਂ ਦੀ ਜੀਵਨ ਦੀ ਦਿੱਖ ਤੇ ਦਿਸ਼ਾ ਨਾਲ ਸਬੰਧਿਤ ਹੈ। ਨਾਵਲ ਦਾ ਕੇਂਦਰੀ ਥੀਮ ਸਰੂਪੇ, ਇਸ ਦੇ ਪੁੱਤਰ ਸੁਖਜੀਵਨ ਤੇ ਕਰਮਪ੍ਰੀਤ ਅਤੇ ਪੋਤਰੇ ਇਸ਼ਪ੍ਰੀਤ ਨਾਲ ਸਬੰਧਿਤ ਹੈ। ਹਾਲਾਤ ਦੇ ਗੇੜ ਤੇ ਪ੍ਰਭਾਵ ਅਧੀਨ ਸੁਖਜੀਵਨ ਤੇ ਕਰਮਪ੍ਰੀਤ ਦੋਵੇਂ ਭਰਾ ਨਸ਼ਿਆਂ ਦੀ ਦਲਦਲ ਵਿਚ ਫਸ ਜਾਂਦੇ ਹਨ। ਸੁਖਜੀਵਨ ਦੀ ਮੌਤ ਹੋ ਜਾਂਦੀ ਹੈ। ਕਰਮਪ੍ਰੀਤ ਬਹੁਤ ਵੱਡੀ ਹਿੰਮਤ ਨਾਲ ਨਸੇ ਦੀ ਬਾਣ ਤੋਂ ਮੁਕਤ ਹੁੰਦਾ ਹੈ। ਸਰਕਾਰ ਦੇ ਨਸ਼ਾ ਛੁਡਾਊ ਕੈਂਪ ਨਸ਼ੇ ਦੀਆਂ ਦਵਾਈਆਂ ਵੇਚਣ ਦੇ ਅੱਡੇ ਬਣੇ ਵਿਖਾਈ ਦਿੰਦੇ ਹਨ। ਕਰਮਾ ਪਿੰਡ ਵਿਚ ਨਸ਼ੇ ਰੋਕਣ ਸਬੰਧੀ ਠੀਕਰੀ ਪਹਿਰੇ ਦੇ ਮੈਂਬਰ ਵਜੋਂ ਨਸ਼ੇ ਫੈਲਾਉਣ ਵਾਲਿਆਂ ਦੇ ਹੱਥੋਂ ਮਾਰਿਆ ਜਾਂਦਾ ਹੈ। ਇਸ ਤਰ੍ਹਾਂ ਪੰਜਾਬ ਵਿਚ ਖੇਤੀ ਅਤੇ ਮਸ਼ੀਨਰੀ ਸੰਕਟ ਦੇ ਨਾਲ-ਨਾਲ ਨਸ਼ੇ ਵੀ ਬਹੁਤ ਵੱਡਾ ਮਨੁੱਖੀ ਦੁਖਾਂਤ ਬਣੇ ਹਨ। ਇਸ ਸਾਰੇ ਪਰਿਵਾਰਕ ਸੰਕਟ ਦੇ ਬਾਵਜੂਦ ਕੈਨੇਡਾ ਗਏ ਇਸ਼ਪ੍ਰੀਤ ਦਾ ਆਪਣੀ ਰੂਹ ਦੀ ਹਾਨਣ ਸਿਮਰਜੀਤ ਨਾਲ ਵਿਆਹ ਹੋ ਜਾਂਦਾ ਹੈ। ਸਿਮਰਜੀਤ ਦਾ ਪਿਤਾ ਕ੍ਰਿਪਾਲ ਸਿੰਘ ਖਾਂਦਾ-ਪੀਂਦਾ ਨਾਮਵਰ ਕਿਸਾਨ ਹੈ। ਨਵੀਂ ਪੀੜ੍ਹੀ ਇਸ਼ਪ੍ਰੀਤ ਤੇ ਸਿਮਰਪ੍ਰੀਤ ਆਪਣੇ ਸਲੀਕੇ, ਸਹਿਜ ਤੇ ਸੂਝ ਨਾਲ ਆਪਣੇ ਮਾਪਿਆਂ ਤੋਂ ਆਪਣੇ ਵਿਆਹ ਦੀ ਪ੍ਰਵਾਨਗੀ ਲੈ ਲੈਂਦੇ ਹਨ। ਇਸ ਤਰ੍ਹਾਂ ਲੇਖਕ ਨਵੀਂ ਪੀੜ੍ਹੀ ਦੇ ਵਿਰੋਧੀ ਜਾਂ ਬਾਗੀ ਹੋ ਜਾਣ ਦੀ ਰੂੜ੍ਹੀ ਨੂੰ ਕੱਟਦਾ ਨਜ਼ਰ ਆਉਂਦਾ ਹੈ। ਇਸ ਸਬੰਧੀ ਨਾਵਲ ਵਿਚ ਦੋ ਹੋਰ ਸੁਖਾਂਤ ਮੋੜੇ ਹਨ। ਨਸ਼ਿਆਂ ਦੇ ਖਿਲਾਫ਼ ਸਾਰਾ ਪਿੰਡ ਠੀਕਰੀ ਪਹਿਰਾ ਦੇਂਦਾ ਵਿਖਾਈ ਦੇ ਰਿਹਾ ਹੈ। ਇਸ ਤਰ੍ਹਾਂ ਲੋਕ ਸਰਕਾਰਾਂ ਜਾਂ ਸਿਆਸੀ ਲੋਕਾਂ ਦੇ ਵਾਅਦਿਆਂ ਦੇ ਉਲਟ ‘ਆਪਣੇ ਹੱਥੀਂ ਆਪਣਾ ਕਾਜ ਸਵਾਰੀਏ’ ਦੇ ਰਾਹ ਤੁਰਦੇ ਹਨ। ਦੂਸਰਾ ਨਿਰਣੈ-ਨੁਮਾ ਵੇਰਵਾ ਇਹ ਵੀ ਹੈ ਕਿ ਨਵੀਂ ਪੀੜ੍ਹੀ ਦੇਸ਼ਾਂ-ਵਿਦੇਸ਼ਾਂ ਵਿਚ ਲੋੜ ਜਾਂ ਮਰਜ਼ੀ ਅਨੁਸਾਰ ਸੌ ਵਾਰੀ ਜਾਵੇ, ਪਰ ਪੁਰਾਣੀ ਪੀੜ੍ਹੀ ਆਪਣੇ ਖਿੱਤੇ ਦੇ ਧੁਰ-ਮੂਲ ਨਾਲ ਜੁੜੀ ਰਹੇ। ਇਸ ਤਰ੍ਹਾਂ ਦੇਸ਼-ਵਿਦੇਸ਼ ਸਬੰਧੀ ਦੋਵਾਂ ਪੀੜ੍ਹੀਆਂ ਦੀ ਸਾਂਝ ਦਾ ਆਦਾਨ-ਪ੍ਰਦਾਨ ਵੀ ਬਣਿਆ ਰਹੇਗਾ। ਉਂਞ ਪਰੰਪਰਿਕ ਕਿਸਮ ਦਾ ਵਿਦੇਸ਼ ਨਾ ਜਾਣ ਦਾ ਮੁਹਾਵਰਾ ਹੁਣ ਉਲਟ-ਪੁਲਟ ਹੋ ਗਿਆ ਹੈ। ਕਦੀ ਕਿਹਾ ਜਾਂਦਾ ਸੀ ‘ਨਾ ਜਾਹ ਬ੍ਰਹਮਾ ਨੂੰ ਤੇਰੇ ਲੇਖ ਜਾਣਗੇ ਨਾਲੇ’ (ਪੰਨਾ 07)। ਪਰ ਹੁਣ ਵਿਦੇਸ਼ ਨੂੰ ਹੀ ਸੁਪਨਿਆਂ


(ਪੰਨੇ 166-167)
www.sanvad.org
ISSN : 2395-1273

ਦੀ ਪੂਰਤੀ ਦਾ ਇਕੋ-ਇਕ ਸਾਧਨ ਮਿੱਥਿਆ ਜਾ ਰਿਹਾ ਹੈ। ਪਰ ਇਸ ਦੇ ਬਾਵਜੂਦ ਨਾਵਲਕਾਰ ਪੰਜਾਬ ਵਿਚ ਰਹਿਣ ਤੇ ਵਿਦੇਸ਼ ਜਾਣ ਵਿਚ ਕੋਈ ਇਕ ਤਰਫ਼ਾ ਨਿਰਣਾ ਦੇਣ ਦੀ ਥਾਂ ਸੰਤੁਲਿਨ ਬਨਾਉਣ ਦੀ ਕੋਸ਼ਿਸ਼ ਕਰਦਾ ਹੈ। ਨਾਵਲ ਵਿਚ ਸਰੂਪਾ, ਪਿਤਾ ਭਾਗ ਸਿੰਘ, ਕੈਲਾ (ਕਿਰਤੀ), ਕਰਮਪ੍ਰੀਤ/ਕਰਮਾ, ਸੁਖਜੀਵਨ, ਮਨਜੀਤ ਕੌਰ, ਨਰਿੰਦਰ ਕੌਰ, ਛਿੰਦਾ, ਦਿਲਰਾਜ ਕੌਰ, ਸੰਪੂਰਨ ਸਿੰਘ, ਮੱਖਣ ਸਿੰਘ, ਕ੍ਰਿਪਾਲ ਸਿੰਘ, ਇਸ਼ਪ੍ਰੀਤ (ਪੋਤਰਾ), ਡਾ. ਕੇ.ਕੇ., ਸਵਰਨਾ, ਰਮਣੀਕ (ਪੋਤਰੀ) ਤੇ ਸਿਮਰਜੀਤ ਅਹਿਮ ਪਾਤਰ ਹਨ। ਪਰ ਇਨ੍ਹਾਂ ਸਭ ਵਿਚੋਂ ਸਰੂਪਾ ਹੀ ਵੱਡ-ਆਕਾਰੀ ਤੇ ਯਾਦਗਾਰੀ ਪਾਤਰ ਹੈ।

ਨਾਵਲ ਵਿਚ ਸਰੂਪਾ ਇਕ 'ਗਰੰਥਾਕਾਰੀ' ਕਿਸਮ ਦਾ ਖਰਲ-ਗਿਆਨੀ ਪਾਤਰ ਵਜੋਂ ਪੇਸ਼ ਹੋਇਆ ਹੈ। ਉਂਝ ਇਹ ਗੁਣਵਾਨ ਪਾਤਰ ਹੁੰਦਾ ਵੀ ਪਰਿਵਾਰਕ ਰੂਪ ਵਿਚ ਕਈ ਥਾਵਾਂ 'ਤੇ ਹਾਰਦਾ ਵਿਖਾਈ ਦਿੰਦਾ ਹੈ। ਇਹ ਮਾਨਵੀਂ ਸਰੋਕਾਰਾਂ ਨਾਲ ਜੁੜਿਆ ਹੋਇਆ ਸਿਰੜ, ਸੰਜਮ ਤੇ ਮਿਹਨਤ ਦਾ ਮੁਜੱਸਮਾ ਵੀ ਹੈ। ਇਹ ਇਕ ਤਰ੍ਹਾਂ ਨਾਲ ਪੰਜਾਬ ਤੇ ਪੰਜਾਬੀਅਤ ਨੂੰ ਪ੍ਰਣਾਇਆ ਇਕ ਯਾਦਗਾਰੀ ਪਾਤਰ ਹੈ। ਜਿੱਤ-ਹਾਰ ਨੂੰ ਮਨੁੱਖੀ ਫਿਤਰਤ ਵਜੋਂ ਪੇਸ਼ ਕੀਤਾ ਗਿਆ ਹੈ।

ਨਾਵਲ ਦਾ ਬਿਰਤਾਂਤ ਫਲਸਫ਼ਾਨਾ ਕਿਸਮ ਦਾ ਹੈ। ਜਿਵੇਂ ਪੰਜਾਬ ਦਾ ਇਤਿਹਾਸ ਤਬਾਹੀ ਤੇ ਉਸਾਰੀ ਦਾ ਹੈ ਤਿਵੇਂ ਦੀ ਸਥਿਤੀ ਹੀ ਇਸ ਨਾਵਲੀ ਬਿਰਤਾਂਤ ਦੀ ਹੈ। ਇਸ ਨਾਵਲ ਵਿਚ ਪੰਜਾਬ ਦੀਆਂ ਮੌਜੂਦਾ ਤਲਖ਼ ਹਕੀਕਤਾਂ ਵੀ ਪੇਸ਼ ਹਨ ਤੇ ਨਾਲ ਇੰਨ੍ਹਾਂ ਹਕੀਕਤਾਂ ਵਿਚ ਡਿੱਗਦਾ, ਪਿੱਸਦਾ ਤੇ ਉੱਠਦਾ ਮਾਨਵ ਵੀ ਪੇਸ਼ ਹੋਇਆ ਹੈ। ਨਾਵਲੀ ਬਿਰਤਾਂਤ ਦਾ ਕਾਫ਼ੀ ਹਿੱਸਾ ਪਿੱਛਲਝਾਤ ਜੁਗਤ ਵਜੋਂ ਸਰੂਪੇ ਦੇ ਪਿਛੋਕੜ ਨਾਲ ਸਬੰਧਿਤ ਹੈ। ਇਹ ਪੇਸ਼ਕਾਰੀ ਬੀਤੇ ਦੀਆਂ ਯਾਦਾਂ ਵਜੋਂ ਸਵੈ-ਜੀਵਨੀ ਰੂਪੀ ਜੁਗਤ ਰਾਹੀਂ ਪੇਸ਼ ਹੋਈ ਹੈ। ਨਾਵਲੀ ਬਿਰਤਾਂਤ ਆਪਣੀਆਂ ਕਈ ਥੀਮਿਕ ਇਕਾਈਆਂ ਨਾਲ ਬੱਝਾ ਹੋਇਆ ਹੈ। ਇਸ ਕਰਕੇ ਇਸ ਨਾਵਲ ਵਿਚ ਵਿਸਥਾਰ ਵੀ ਹੈ ਤੇ ਖਲਾਰ ਵੀ। ਨਾਵਲ ਸੁਖਾਂਤਕ ਅੰਤ ਦੇ ਬਾਵਜੂਦ ਸਾਡੀਆਂ ਕਠੋਰ ਤੇ ਕੌੜੀਆਂ-ਕੁਸੈਲੀਆਂ ਹਕੀਕਤਾਂ ਨਾਲ ਬੱਝਾ ਹੋਇਆ ਹੈ। ਕਿਤੇ ਵੀ ਕੋਈ ਰੁਮਾਂਚਕ ਕਿਸਮ ਦੀ ਅਲੋਕਾਰੀ ਘਟਨਾ ਨਹੀਂ ਹੈ। ਆਪਣੇ ਪਹਿਲੇ ਨਾਵਲਾਂ ਦੇ ਵਿਪਰੀਤ ਨਾਵਲਕਾਰ ਨੇ ਇਸ ਨਾਵਲ ਵਿਚ ਜਿਊਣ ਲਈ ਭਾਈਚਾਰੇ ਦੇ ਸੰਗਤੀ ਏਕੇ ਅਤੇ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦੇ ਗੁਣਕਾਰੀ ਸੁਝਾਅ ਪੇਸ਼ ਕੀਤੇ ਹਨ। ਇਸ ਤਰ੍ਹਾਂ ਇਹ ਨਾਵਲ ਹਕੀਕੀ ਜੀਵਨ ਤੇ ਜ਼ਿੰਦਗੀ ਪ੍ਰਤੀ ਕਈ ਦਾਰਸ਼ਨਿਕ ਅਰਥਾਂ ਨਾਲ ਸਬੰਧਿਤ ਹੈ ਤੇ ਉਸਾਰੂ ਸੁਝਾਵਾਂ ਨਾਲ ਵੀ। ਇਹ ਪੱਖ ਇਸ ਨਾਵਲ ਦੇ ਹੋਰਨਾਂ ਨਾਵਲਾਂ ਨਾਲੋਂ ਹੀ ਨਹੀਂ, ਖ਼ੁਦ ਬਿਲਿੰਗ ਦੇ ਨਾਵਲਾਂ ਨਾਲੋਂ ਨਵੀਂ ਵੱਖਰਤਾ ਤੇ ਵਿਸ਼ੇਸ਼ਤਾ ਨਾਲ ਸਬੰਧਿਤ ਹਨ।

◈